# ਬੱਚਿਆਂ ਲਈ ਬਾਈਬਲ

ਉਪੱਸਥਿਤ

# ਕਿਸਾਨ ਅਤੇ ਬੀਜ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus

ਦੁਆਰਾ ਬਦਲਿਆ ਗਿਆ : E. Frischbutter; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਇੱਕ ਦਿਨ ਯਿਸੂ ਝੀਲ ਦੇ ਕੰਢੇ ਤੇ ਗੱਲਾਂ ਕਰ ਰਿਹਾ ਸੀ। ਬਹੁਤ ਸਾਰੇ ਲੋਕ ਉਸ ਦੀ ਸੁਨਣ ਲਈ ਇਕੱਠੇ ਹੋਏ। ਭੀੜ ਬਹੁਤ ਜਿਆਦਾ ਸੀ।

ਯਿਸੂ ਕੀ ਕਰੇਗਾ?

ਕੋਲ ਹੀ ਇੱਕ ਬ੍ਹੇੜੀ ਵੇਖ ਕੇ ਯਿਸੂ ਉਸ ਉੱਤੇ ਚੜ੍ਹ ਗਿਆ। ਹੁਣ ਉਹ ਲੋਕਾਂ ਨੂੰ ਵੇਖ ਸਕਦਾ ਸੀ ਅਤੇ ਉਹ ਵੀ ਉਸ ਨੂੰ ਵੇਖ

ਅਤੇ ਸੁਣ ਰਹੇ ਸੀ।



ਯਿਸੂ ਨੇ ਕਹਾਣੀ ਦੱਸਣੀ ਸ਼ੁਰੂ ਕੀਤੀ,
ਕਹਾਣੀ ਸਧਾਰਨ ਵਸਤੂਆਂ ਦੇ ਬਾਰੇ
ਸੀ ਜਿਹੜੀ ਲੋਕਾਂ ਨੂੰ
ਪਰਮੇਸ਼ਵਰ ਦੇ



ਬਾਰੇ
ਸਿਖਉਂਦੀ
ਸੀ।

"ਇੱਕ ਕਿਸਾਨ ਨੇ ਬੀਜ੍ਹ ਨੂੰ ਆਪਣੇ ਖੇਤ ਵਿੱਚ ਖਲਾਰਿਆ।" ਯਿਸੂ' ਦੀ ਕਹਾਣੀ ਇਸ ਤ੍ਹਰਾਂ ਸੀ ਜਿਵੇ ਚਿੱਤਰ ਦੀ ਜ੍ਹਗਾ ਸ਼ਬਦਾਂ ਦੇ ਨਾਲ ਇੱਕ ਫ਼ੋਟੋ ਬਣਾਈ
ਹੋਵੇ।




ਲੋਕਾਂ ਨੇ ਕਿਸਾਨ ਦੀ ਕੰਮ ਕਰਦੇ ਦੀ ਫ਼ੋਟੋ
ਬਣਾਈ ਹੋਣੀ ਹੈ – ਉਹਨਾਂ ਨੇ ਇਹ
ਬਹੁਤ ਵਾਰ ਵੇਖਿਆ ਹੋਣਾ।


ਕੁਛ ਬੀਜੁ ਰਾਹ ਦੇ ਕਿਨਾਰੇ ਖਿਲਰਿਆ। ਸੜਕ ਦੇ ਕਿਨਾਰਿਉਂ! ਪੰਛੀਆਂ ਨੇ ਆ ਕੇ ਛੇਤੀ ਨਾਲ ਚੁਗ ਲਿਆ।

ਕੁਝ ਬੀਜ੍ਹ ਖੇਤ ਦੀ ਪਥਰੀਲੀ ਭੂਮੀ ਵਿੱਚ ਡਿੱਗਿਆ।



ਬਾਕੀ ਦੇ ਬੀਜ਼ ਨੇ ਕੰਢਿਆਂ ਵਿੱਚ ਜੜ ਫੜੀ। ਉਸਨੇ ਦਾਣੇ ਨਹੀ ਕੱਢੇ। ਕੰਢਿਆਂ ਨੇ ਪੌਦਿਆ ਨੂੰ ਦਬਾ ਲਿਆ, ਉਹਨਾਂ ਨੂੰ ਮੀਹ ਅਤੇ ਧੁੱਪ ਦੀ ਜਰੂਰਤ ਨੂੰ ਰੋਕ ਦਿੱਤਾ।




ਬਾਕੀ ਦਾ ਬੀਜੁ ਚੰਗੀ ਭੂਮੀ ਵਿੱਚ
ਡਿੱਗਿਆ। ਜਿਵੇਂ ਸਮਾਂ ਬੀਤਿਆ, ਪੁਗਰਾਂਦ ਨੇ
ਅੱਛਾ ਪੌਦਾ ਬਣ ਕੇ ਨਵੀਂ ਕਣਕ ਦੇ ਬਹੁਤ ਸਾਰੇ
ਦਾਣੇ ਕੱਢੇ। ਕਿਸਾਨ ਜਰੂਰ ਬਹੁਤ
ਖੁਸ਼ ਹੋਇਆ ਹੋਵੇਗਾ।


ਕਹਾਣੀ ਦੇ ਅੰਤ ਵਿੱਚ, ਚੇਲੇ ਯਿਸੂ ਦੇ ਕੋਲ ਆਏ।
“ਤੂੰ ਕਹਾਣੀਆਂ ਦੇ ਵਿੱਚ ਕਿਉਂ ਸਿਖਾਉਂਦਾ ਹੈ?”
ਉਹਨਾਂ ਨੇ
ਪੁੱਛਿਆ।


ਯਿਸੂ ਨੇ ਲੋਕਾਂ ਨੂੰ ਪਰਮੇਸ਼ਵਰ ਦੇ ਬਾਰੇ ਸਮਝਾਉਣ
ਲਈ ਕਹਾਣੀ ਕਹੀ ਜੇਕਰ ਉਹ ਸੱਚ ਮੁੱਚ
ਪਰਮੇਸ਼ਵਰ
ਨੂੰ ਪਿਆਰ
ਕਰਦੇ ਹਨ।

ਪਰ ਜਿਹੜੇ ਲੋਕ ਪਰਮੇਸ਼ਵਰ ਨੂੰ ਪਿਆਰ ਨਹੀ ਕਰਦੇ ਉਹ ਕਹਾਣੀ ਨੂੰ ਨਹੀ ਸਮਝ ਸਕਦੇ।





ਯਿਸੂ ਨੇ ਕਹਾਣੀ ਨੂੰ ਸਮਝਾਇਆ। ਉਸਨੇ ਕਿਹਾ ਕੇ ਬੀਜ੍ਹ ਪਰਮੇਸ਼ਵਰ ਦਾ ਵਚਨ ਹੈ।
ਰਾਹ ਤੇ ਡਿੱਗਿਆ ਹੋਇਆ ਬੀਜ੍ਹ
ਉਸਦੇ ਵਾਗੂੰ ਹੈ ਜਿਵੇ ਕਿਸੇ ਨੇ ...



... ਸੁਣਿਆ ਪਰ ਪਰਮੇਸ਼ਵਰ ਦਾ ਵਚਨ ਨਾ ਸਮਝਿਆ। ਜੋ ਪਰਮੇਸ਼ਵਰ ਨੇ ਕਿਹਾ
ਸ਼ੈਤਾਨ ਉਹਨਾਂ ਨੂੰ
ਭੁੱਲਣ ਵਾਲਾ ਬਣਾ ਦਿੰਦਾ ਹੈ।



ਕੁਝ ਲੋਕ ਛੇਤੀ ਨਾਲ ਪਰਮੇਸ਼ਵਰ ਦਾ ਵਚਨ
ਗਰਿਹਣ ਕਰਦੇ ਹਨ। ਉਹ ਉਵੇਂ ਹਨ
ਜਿਵੇਂ ਬੀਜੁ ਪਥਰੀਲੀ ਭੂਮੀ
ਤੇ ਡਿੱਗਿਆ।


ਪਰ ਜਿਵੇਂ ਹੀ ਉਹਨਾਂ ਦਾ ਕੋਈ ਮਜ਼ਾਕ
ਉਡਾਉਂਦਾ ਹੈ ਜਾਂ ਉਹਨਾਂ ਤੇ ਕੁਝ ਮੁਸ਼ਕਲਾਂ
ਆਉਂਦੀਆਂ ਹਨ ਕਿਉਂਕਿ ਉਹ
ਪਰਮੇਸ਼ਵਰ ਨੂੰ ਪਿਆਰ ਕਰਦੇ
ਹਨ, ਕੁਝ ਦੁੱਖੀ ਜਿਹਾ
ਹੁੰਦਾ ਹੈ।

ਇਹ ਉਹੀ ਲੋਕ ਹਨ ਜਿਹੜੇ ਖੁਸ਼ੀ
ਨਾਲ ਯਿਸੂ ਦੇ ਪਿੱਛੇ ਚੱਲੇ, ਪਰ ਮੁੜ
ਗਏ ਅਤੇ ਪਰਮੇਸ਼ਵਰ ਦੇ ਵਚਨ ਨੂੰ
ਮੰਨਣਾ ਬੰਦ ਕਰ ਦਿੱਤਾ।



ਉਹ ਪਰਮੇਸ਼ਵਰ ਦੇ ਪਿੱਛੇ ਚੱਲਣ ਦਾ ਮੁੱਲ ਨਹੀ
ਦੇਣਾ ਚਾਹੁੰਦੇ। ਇਹ ਕਿੰਨੇ ਦੁੱਖ ਦੀ ਗੱਲ ਹੈ ਕੇ
ਉਹ ਪਰਮੇਸ਼ਵਰ ਨੂੰ ਖੁਸ਼ ਕਰਨ ਨਾਲੋਂ ਜਿਆਦਾ
ਆਪਣੇ ਮਿੱਤਰਾਂ ਨੂੰ ਖੁਸ਼ ਕਰਨਾ ਚਾਹੁੰਦੇ ਹਨ!



ਕਹਾਣੀ ਵਿੱਚ
ਕੰਢਿਆਂ ਦਾ
ਜਿਕਰ ਇਸ ਤੂਰਾਂ
ਹੈ ਜਿਵੇ ਕੁਝ ਲੋਕਾਂ
ਦੀ ਜਿੰਦਗੀ ਵਿੱਚ
ਦੂਨੀਆਂ ਦੀਆਂ
ਚਿੰਨਤਾਵਾਂ ਅਤੇ
ਪੈਸੇ ਦਾ ਪਿਆਰ
ਭਰ ਜਾਂਦਾ ਹੈ।



ਉਹ ਪੈਸੇ ਨੂੰ ਅਤੇ ਬਾਕੀ ਵਸਤੂਆਂ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਵਿਅਸਤ ਹਨ ਕੀ ਉਹਨਾਂ ਨੇ ਪਰਮੇਸ਼ਵਰ ਨੂੰ ਆਪਣੀ ਜਿੰਦਗੀ ਵਿੱਚੋਂ ਕੱਢ ਦਿੱਤਾ ਹੈ।



ਪਰ ਜਿਹੜਾ ਬੀਜ ਚੰਗੀ ਭੂਮੀ ਵਿੱਚ ਡਿੱਗਿਆ ਉਸ ਨੇ ਚੰਗੀ ਫ਼ਸਲ ਦਿੱਤੀ ਜਿਵੇਂ ਪਰਮੇਸ਼ਵਰ ਦਾ ਵਚਨ ਦਿਲਾਂ ਵਿੱਚ ਜਾਂਦਾ ਹੈ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਬਦਲਦਾ ਹੈ। ਇਹ ਲੋਕ ਪਰਮੇਸ਼ਵਰ ਦੀ ਇੱਜ਼ਤ ਅਤੇ ਸੇਵਾ ਕਰਦੇ ਹਨ।



ਭੀੜ ਛੱਡ ਕੇ ਨਹੀ ਜਾਣਾ ਚਾਹੁੰਦੀ ਸੀ। ਬਹੁਤ ਸਾਰੇ ਉਸਦੇ ਪਿੱਛੇ ਚੱਲਣਾ ਚਾਹੁੰਦੇ ਸਨ ਅਤੇ ਉਸਦੀ ਕਿਰਪਾ ਚਾਹੁੰਦੇ ਸਨ। ਯਿਸੂ ਦੇ ਪਰਸੰਗ ਨੇ ਉਹਨਾਂ ਨੂੰ ਇਹ ਸਮਝਣ ਵਿੱਚ ਸਹਾਇਤਾ ਕੀਤੀ ਕੀ ਕਿਵੇਂ ਪਰਮੇਸ਼ਵਰ ਦੀ ਆਗਿਆ ਨੂੰ ਮੰਨਣਾ ਹੈ।



# ਕਿਸਾਨ ਅਤੇ ਬੀਜ੍ਹ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜੀਲ 13

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।

ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16